ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),ਬਠਿੰਡਾ

ਵੱਲ,

ਪ੍ਰਿੰਸੀਪਲ,
ਸਮੂਹ ਵੋਕੇਸ਼ਨਲ ਸਕੂਲ (ਜਨਰਲ ਸਕੀਮ)
ਜਿਲ੍ਹਾ ਬਠਿੰਡਾ।

ਪੱਤਰ ਨੰ: ਜਿ:ਵੋ:ਕੋ:/ਓ.ਜੇ.ਟੀ. ( ) 2018//187
ਮਿਤੀ: 09-04-2018

ਵਿਸ਼ਾ: ਵੋਕੇਸ਼ਨਲ ਸਕੀਮ ਅਧੀਨ 12ਵੀ ਦੇ ਵਿਦਿਆਰਥੀਆਂ ਦੀ ਆਨ ਦੀ ਜਾਬ ਟ੍ਰੇਨਿੰਗ ਲਗਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਵੋਕੇਸ਼ਨਲ ਸਕੀਮ ਅਧੀਨ 12ਵੀ ਜਮਾਤ ਵਿਚ ਪੜ੍ਹਦੇ ਵੋਕੇਸ਼ਨਲ ਸਿੱਖਿਆ ਵਿਦਿਆਰਥੀਆਂ ਦੀ ਆਨ ਦੀ ਜਾਬ ਟ੍ਰੇਨਿੰਗ 8 ਅਪ੍ਰੈਲ ਤੋ 3 ਮਈ 2018 ਤੱਕ ਸਾਲਾਨਾ ਪ੍ਰੀਖਿਆ ਤੋ ਬਾਅਦ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਨਿਰਧਾਰਤ ਸਮੇ 'ਤੇ ਟ੍ਰੇਡ ਨਾਲ ਸਬੰਧਤ ਉਦਯੋਗਿਕ ਇਕਾਈਆਂ/ਵਰਕਸ਼ਾਪਾਂ ਵਿਚ ਲਗਾਈ ਜਾਂਦੀ ਹੈ। ਇਸ ਟ੍ਰੇਨਿੰਗ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਚਲਾਉਣ ਲਈ ਸਹੀ ਅਦਾਰਿਆਂ ਦੀ ਚੋਣ ਕਰਕੇ ਇਸ ਸਬੰਧੀ ਸੂਚਨਾ ਹੇਠ ਦਿੱਤੇ ਪ੍ਰੋਫਾਰਮੇ ਵਿਚ 02 ਦਿਨ ਦੇ ਅੰਦਰ ਅੰਦਰ ਇਸ ਦਫਤਰ ਦੀ ਮੇਲ ਆਈ ਡੀ vocationalbti@gmail.com ਤੇ ਭੇਜੀ ਜਾਵੇ। ਪ੍ਰਿੰਸੀਪਲ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਟ੍ਰੇਡ ਨਾਲ ਸਬੰਧਤ ਵੋਕੇਸ਼ਨਲ ਲੈਕਚਰਾਰ/ਮਾਸਟਰ ਨੂੰ ਟ੍ਰੇਨਿੰਗ ਦੌਰਾਨ ਵਿਦਿਆਰਥੀਆਂ ਦੇ ਨਾਲ ਭੇਜਣਾ ਯਕੀਨੀ ਬਣਾਇਆ ਜਾਵੇ।

ਨੋਟ : : ਆਨ ਦੀ ਜਾਬ ਟ੍ਰੇਨਿੰਗ ਸਬੰਧੀ ਫੋਟੋਗ੍ਰਾਫ ਵੀ ਉਕਤ ਮੇਲ ਆਈ ਡੀ ਤੇ ਭੇਜੀਆਂ ਜਾਣ।

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ